# ਪੰਜਾਬੀ ਬਲੌਗ ਡਾਟ ਔਰਗ

ਵੈਬ ਸਾਈਟ www.panjabiblog.org ਜੂਨ 1, 2007 ਨੂੰ ਸ਼ੁਰੂ ਕੀਤਾ ਗਿਆ ਸੀ ਜਿਸਦਾ ਮੰਤਵ ਬੁੱਧੀਜੀਵੀਆਂ, ਸਾਹਿਤਕਾਰਾਂ/ਲੇਖਕਾਂ, ਅਤੇ ਪਾਠਕਾਂ ਵਿਚਕਾਰ ਮਹੱਤਬਪੂਰਨ ਵਿਸ਼ਿਆਂ ਉੱਤੇ ਵਾਦ-ਵਿਵਾਦ, ਵਿਚਾਰ-ਵਟਾਂਦਰਾ, ਅਤੇ ਗੱਲ-ਬਾਤ ਸ਼ੁਰੂ ਕਰਨਾ, ਅਤੇ ਇਨ੍ਹਾਂ ਵਿਸ਼ਿਆਂ ਉੱਤੇ ਉਨ੍ਹਾਂ ਦੀਆਂ ਰਾਵਾਂ, ਵਿਚਾਰਾਂ ਅਤੇ ਨਿੱਜੀ ਅਭਿਆਸਾਂ ਬਾਰੇ ਲਿਖਤਾਂ ਨੂੰ ਛਾਪਣਾ ਹੈ। ਹਰ ਮਹੀਨੇ ਦੇ ਸ਼ੁਰੂ ਵਿੱਚ ਇਕ ਮਹੱਤਵਪੂਰਨ ਵਿਸ਼ੇ ਉੱਤੇ ਇਕ ਲਿਖਤ ਇਸ ਵੈਬ ਸਾਈਟ ਉੱਤੇ ਲਾ ਦਿੱਤੀ ਜਾਂਦੀ ਹੈ। ਇਹ ਲਿਖਤ ਇਕ ਪੈਰੇ ਤੋਂ ਲੈ ਕੇ ਕਈ ਸਫ਼ਿਆਂ ਤੱਕ ਹੋ ਸਕਦੀ ਹੈ। ਫਿਰ ਪੰਜਾਬੀ ਪਾਠਕਾਂ ਨੂੰ ਖੁੱਲਾ ਸਦਾ ਦਿੱਤਾ ਜਾਂਦਾ ਹੈ ਕਿ ਉਹ ਉਸ ਵਿਸ਼ੇ ਉੱਤੇ ਆਪਣੇ ਵਿਚਾਰ ਲਿਖ ਕੇ ਈਮੇਲ ਰਾਹੀਂ ਸੰਪਾਦਕ ਨੂੰ ਭੇਜਣ। ਇਹ ਲਿਖਤਾਂ ਲੇਖਕ ਦੇ ਆਪਣੇ ਵਿਚਾਰਾਂ ਤੇ ਵੀ ਅਧਾਰਿਤ ਹੋ ਸਕਦੀਆਂ ਹਨ ਜਾਂ ਇਸ ਵੈਬ ਸਾਈਟ ਉੱਤੇ ਲੱਗੀਆਂ ਪਹਿਲੀਆਂ ਲਿਖਤਾਂ ਦੇ ਜਵਾਬ ਵਿੱਚ ਵੀ ਲਿਖੀਆਂ ਜਾ ਸਕਦੀਆਂ ਹਨ। ਪਾਠਕਾਂ ਦੀਆਂ ਇਹ ਲਿਖਤਾਂ ਉਨ੍ਹਾਂ ਦੇ ਆਪਣੇ ਜੀਵਨ ਤੇ ਵੀ ਅਧਾਰਿਤ ਹੋ ਸਕਦੀਆਂ ਹਨ ਜੋ ਇਸ ਵਿਸ਼ੇ ਨਾਲ ਸੰਬੰਧਤ ਹੋਣ। ਹੋਰ ਜਾਣਕਾਰੀ ਲਈ ਵੈਬ ਸਾਈਟ www.panjabiblog.org ਦੇਖੋ।